**Office of Deputy Commissioner, Fazilka**
**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**
**(ਫੁੱਟਕਲ ਸ਼ਾਖਾ)**

---

ਹੁਕਮ :-

**Covid-19** (ਕੋਰੋਨਾ ਵਾਇਰਸ) ਵੱਲੋਂ ਪੂਰੇ ਦੇਸ਼ ਵਿਚ ਦਹਿਸ਼ਤ ਫੈਲਾਈ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰਬਰ ਐਮ.ਸੀ-1/ਐਮ.ਏ./2020/4370-92/ ਮਿਤੀ 23-03-2020 ਰਾਹੀਂ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ 23-03-2020 ਤੋਂ ਮਿਤੀ 31-03-2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਸਨ।

ਸਰਕਾਰ ਵੱਲੋਂ ਆਮ ਜਨਤਾਂ ਨੂੰ ਮਹਾਂਮਾਰੀ ਤੋਂ ਬਚਾਉਣ ਲਈ, ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਵੀ ਤਾਲਾ-ਬੰਦੀ ਅਤੇ ਕਰਫਿਊ ਮਿਤੀ 14-04-2020 ਤੱਕ ਵਧਾਇਆ ਜਾਂਦਾ ਹੈ।

ਜ਼ਿਲ੍ਹਾ ਫਾਜ਼ਿਲਕਾ ਵਿਚ ਕੋਵਿਡ-19 ਅਧੀਨ ਵੱਖ-2 ਸੇਵਾਵਾਂ ਵਿਚ ਲੱਗੇ ਸਾਰੇ ਕਰਮਚਾਰੀ/ਸ਼ੋਸਲ ਵੈਲਫੇਅਰ/ਐਨ.ਜੀ.ਓਜ/ਦੁਕਾਨਦਾਰ ਆਦਿ ਨੂੰ ਜੋ ਕਰਫਿਊ ਪਾਸ ਮਿਤੀ 31-03-2020 ਤੱਕ ਜਾਰੀ ਕੀਤੇ ਗਏ ਸਨ, ਉਹਨ੍ਹਾਂ ਦੀ ਮਿਆਦ ਮਿਤੀ 14-04-2020 ਤੱਕ ਵਧਾਈ ਜਾਂਦੀ ਹੈ।

ਇਹ ਹੁਕਮ ਅੱਜ ਮਿਤੀ 01-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।

Office of the Distt. Magistrate FAZILKA

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

ਪਿੱਠ ਅੰਕਣ ਨੰਬਰ :-5743-50/ਐਮ.ਸੀ.3/ਐਮ.ਏ. ਮਿਤੀ 01-04-2020

ਇਸ ਦਾ ਇੱਕ ਉਤਾਰਾ

1) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।
2) ਸਿਵਲ ਸਰਜਨ, ਫਾਜ਼ਿਲਕਾ ।
3) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।
4) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।
5) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner